ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈਸਿ) ਪੰਜਾਬ, ਐਸ.ਏ.ਐਸ.ਨਗਰ
(ਸਰਵੇ ਸਾਖਾ)

ਸੇਵਾ ਵਿਖੇ

ਮੰਡਲ ਸਿਖਿਆ ਅਫਸਰ
ਫਰੀਦਕੋਟ, ਜਲੰਧਰ ਅਤੇ ਨਾਭਾ।

1302
19-4-17

ਮੀਮੋ ਨੰ: 1/3-2017 ਸਰਵੇ (10+2)
ਮਿਤੀ, ਐਸ.ਏ.ਐਸ.ਨਗਰ 12-4-2017

ਵਿਸਾ: 373 ਹਾਈ ਤੋ ਸੀਨੀਅਰ ਸੈਕੰਡਰੀ ਪੱਧਰ ਤੱਕ ਨਵੇ ਅਪਗ੍ਰੇਡ ਹੋਏ ਸਕੂਲਾਂ ਵਿਚ 5ਵੇ ਆਪਸਨਲ ਵਿਸੇ ਦੀਆਂ 373 ਆਸਾਮੀਆਂ ਦੀ ਵੰਡ ਕਰਨ ਲਈ ਸੂਚਨਾਂ ਭੇਜਣ ਸਬੰਧੀ ।

ਉਪਰੋਕਤ ਵਿਸੇ ਦੇ ਸਬੰਧ ਵਿਚ ਇਸ ਦਫਤਰ ਦੇ ਪਿਠਅੰਕਣ ਨੰ 1/63-2016 ਸਰਵੇ (10+2)/277-316 ਮਿਤੀ 5-8-16 ਜਿਸ ਵਿਚ ਜਿਲ੍ਹਾਵਾਈਜ ਅਪਗ੍ਰੇਡ ਹੋਏ ਸਕੂਲਾਂ ਦੇ ਨਾਂ ਵੀ ਦਰਸਾਏ ਹੋਏ ਹਨ (ਅੰਮ੍ਰਿਤਸਰ-23, ਬਰਨਾਲਾ-11, ਬਠਿੰਡਾ-26, ਫਰੀਦਕੋਟ-11, ਫਤਿਹਗੜ੍ਹ ਸਾਹਿਬ-7, ਫਾਜਿਲਕਾ-17, ਫਿਰੋਜਪੁਰ-18, ਗੁਰਦਾਸਪੁਰ-20, ਹੁਸਿਆਰਪੁਰ-22, ਜਲੰਧਰ-24, ਕਪੂਰਥਲਾ-11, ਲੁਧਿਆਣਾ-34, ਮਾਨਸਾ-16, ਮੋਗਾ-15, ਮੁਹਾਲੀ-9, ਮੁਕਤਸਰ-15, ਨਵਾਂ ਸਹਿਰ-8, ਪਠਾਨਕੋਟ-8 ਪਟਿਆਲਾ-23 ਰੂਪਨਗਰ-10, ਸੰਗਰੂਰ-28, ਤਰਨਤਾਰਨ-17 ਕੁਲ-373 ਸਕੂਲ) ਅਤੇ ਸਰਕਾਰ ਦੇ ਪਿ.ਅੰ.ਨੰ: 8/44/2016-1ਸਿ6/806823/5 ਮਿਤੀ 28-7-16 ਰਾਹੀ 373 ਹਾਈ ਤੋ ਸੀਨੀਅਰ ਸੈਕੰਡਰੀ ਪੱਧਰ ਤੱਕ ਨਵੇ ਅਪਗ੍ਰੇਡ ਹੋਏ ਸਕੂਲਾਂ ਵਿਚ 5ਵੇ ਆਪਸਨਲ ਵਿਸੇ ਦੀਆਂ 373 ਆਸਾਮੀਆਂ ਸਕੂਲ ਦੀ ਮੰਗ ਅਤੇ ਬੱਚਿਆਂ ਦੀ ਗਿਣਤੀ ਅਨੁਸਾਰ ਹੇਠ ਲਿਖੇ ਆਪਸਨਲ ਵਿਸਿਆਂ ਵਿਚੋ ਇਕ ਆਪਸਨ ਵਿਸੇ ਦੀ ਮੰਜੂਰੀ ਸਰਕਾਰ ਵਲੋ ਦਿੱਤੀ ਹੋਈ ਹੈ:-

(1) ਅਰਥ ਸਾਸਤਰ (2) ਮੈਥ/ਹਿਸਾਬ (3) ਸਮਾਜ ਸਾਸਤਰ
(4) ਸਰੀਰਿਕ ਸਿਖਿਆ (5) ਭੂਗੋਲ (6) ਹਿੰਦੀ

2. ਇਨ੍ਹਾਂ 373 ਸਕੂਲਾਂ ਵਿੱਚ ਉਕਤ ਦਰਸਾਏ 6 ਵਿਸਿਆਂ ਵਿਚੋ 1 ਆਪਸਨਲ ਵਿਸੇ ਦਾ ਲੈਕਚਰਾਰ ਹੀ ਵਿਭਾਗ ਵਲੋ ਦਿੱਤਾ ਜਾਣਾ ਹੈ। ਕਿਉਕਿ 373 ਨਵੇ ਅਪਗ੍ਰੇਡ ਹੋਏ ਸੀਨੀਅਰ ਸੈਕੰਡਰੀ ਸਕੂਲਾਂ ਨੂੰ 373 ਆਪਸਨਲ ਵਿਸੇ ਦੀਆਂ ਪੋਸਟਾਂ ਦੀ ਮੰਜੂਰੀ ਸਰਕਾਰ ਵਲੋ ਦਿੱਤੀ ਗਈ ਹੈ। ਬੱਚਿਆਂ ਦੀ +1 ਅਤੇ +2 ਵਿੱਚ ਗਿਣਤੀ ਘੱਟੋ ਘੱਟ 20 ਹੋਣੀ ਲਾਜਮੀ ਹੈ। ਕੇਵਲ ਲੋੜੀਦੇ ਆਪਸਨਲ ਵਿਸੇ ਦਾ ਲੈਕਚਰਾਰ ਹੀ ਕਾਲਮ ਵਿਚ ਦਰਸਾਇਆ ਜਾਵੇ । ਹਰੇਕ ਸਕੂਲ ਲਈ ਆਪਸਨਲ ਵਿਸੇ ਦੇ ਲੋੜੀਦੇ ਲੈਕਚਰਾਰ ਅਤੇ ਬੱਚਿਆਂ ਦੀ ਗਿਣਤੀ ਦਾ ਕਾਲਮ ਖਾਲੀ ਨਾ ਰੱਖਿਆ ਜਾਵੇ।

3. ਬੇਨਤੀ ਕੀਤੀ ਜਾਂਦੀ ਹੈ ਕਿ ਹੇਠ ਦਰਸਾਏ ਪ੍ਰੋਫਾਰਮੇ ਵਿਚ ਆਪਦੇ ਅਧੀਨ ਆਉਦੇ ਜਿਲ੍ਹਿਆਂ ਤੋ ਸੂਚਨਾਂ ਇਕੱਤਰ ਕਰਕੇ ਮੁੜਦੀ ਡਾਕ ਈਮੇਲ manjitkaur6575@yahoo.com ਤੇ ਤੁਰੰਤ ਸਪਸਟ ਭੇਜਣੀ ਯਕੀਨੀ ਬਣਾਈ ਜਾਵੇ ਤਾਂ ਜੋ ਇਹ ਲੋੜੀਦੇ ਆਪਸਨਲ ਵਿਸੇ ਦੇ ਲੈਕਚਰਾਰ ਦੀ ਵੰਡ ਸਹੀ ਢੰਗ ਨਾਲ ਹੋ ਸਕੇ ਅਤੇ ਕਿਸੇ ਪ੍ਰਕਾਰ ਦੀ ਮੁਸਕਲ ਦਾ ਸਾਹਮਣਾ ਨਾ ਕਰਨਾ ਪਵੇ। ਦੇਰੀ/ਅਣਗਹਿਲੀ/ਅਧੂਰੀ/ਸਮੇ ਸਿਰ ਸੂਚਨਾਂ ਨਾ ਭੇਜਣ ਤੇ ਜੇਕਰ ਕਿਸੇ ਪ੍ਰਕਾਰ ਦੀ ਕਾਨੂੰਨੀ ਅੜਚਣ ਦਾ ਸਾਹਮਣਾ ਕਰਨਾ ਪੈਦਾ ਹੈ ਤਾਂ ਜਵਾਬਦੇਹ ਆਪ ਹੀ ਹੋਵੋਗੇ।

ਪ੍ਰੋਫਾਰਮਾ

ਜਿਲ੍ਹੇ ਦਾ ਨਾਂ

| ਲੜੀ ਨੰ: | ਸਕੂਲ ਦਾ ਨਾਂ | ਬੱਚਿਆਂ ਦੀ ਗਿਣਤੀ | | | | | | | | ਕੇਵਲ 1 (ਇਕ) ਲੋੜੀਦੇ ਆਪਸਨਲ ਵਿਸੇ ਦਾ ਲੈਕਚਰਾਰ (ਕੇਵਲ ਲੋੜੀਦਾ ਵਿਸਾ ਦਰਸਾਇਆ ਜਾਵੇ) |
|---|---|---|---|---|---|---|---|---|---|---|
| | | 6ਵੀ | 7ਵੀ | 8ਵੀ | 9ਵੀ | 10ਵੀ | 10+1 | 10+2 | ਕੁਲ | |

ਸਟੇਟ ਸਰਵੇ ਅਫਸਰ
12/4/2017

ਪਿਠਅੰਕਣ ਨੰ: ਉਕਤ

ਮਿਤੀ, ਐਸ.ਏ.ਐਸ.ਨਗਰ 12-4-2017

ਉਤਾਰਾ ਪੰਜਾਬ ਰਾਜ ਦੇ ਸਮੂਹ ਜਿਲ੍ਹਾ ਸਿਖਿਆ ਅਫਸਰਾਂ (ਸੈਸਿ) ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਅਨੁਸਾਰ ਮੰਗੀ ਗਈ ਸੂਚਨਾਂ ਤੁਰੰਤ ਸਬੰਧਤ ਮੰਡਲ ਸਿਖਿਆ ਅਫਸਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ। ਮੰਡਲ ਸਿਖਿਆ ਅਫਸਰ ਨੂੰ ਆਪਣਾ ਪੂਰਾ ਸਹਿਯੋਗ ਦਿੱਤਾ ਜਾਵੇ। ਦੇਰੀ/ਅਣਗਹਿਲੀ/ਸਮੇ ਸਿਰ ਸੂਚਨਾਂ ਮੰਡਲ ਸਿਖਿਆ ਅਫਸਰਾਂ ਨੂੰ ਨਾ ਦੇਣ ਦੀ ਸੂਰਤ ਵਿਚ ਨਿਰੋਲ ਜਿੰਮੇਵਾਰੀ ਆਪ ਦੀ ਹੋਵੇਗੀ। ਅਧੂਰੀ ਸੂਚਨਾਂ ਭੇਜਣ ਤੋ ਗੁਰੇਜ ਕੀਤਾ ਜਾਵੇ ਜੀ।

ਸਟੇਟ ਸਰਵੇ ਅਫਸਰ

## ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਅੰਮ੍ਰਿਤਸਰ

ਪਿਠ ਅੰਕਣ ਨੰ:ਅ-2/2017/ 2490 ਮਿਤੀ ਅੰਮ੍ਰਿਤਸਰ:20-04-2017

ਉਤਾਰਾ ਜਿਲੇ ਦੇ ਨਵੇ ਅਪਗ੍ਰੇਡ ਹੋਏ 23 ਸਕੂਲਾਂ ਦੇ ਪ੍ਰਿੰਸੀਪਲ ਨੂੰ ਭੇਜਕੇ ਲਿਖਿਆ ਜਾਦਾ ਹੈ ਕਿ ਉਪਰੋਕਤ ਪ੍ਰੋਫਾਰਮੇ ਤੇ ਮੰਗੀ ਸੂਚਨਾਂ ਅੱਜ ਹੀ 12:00 ਵਜੇ ਇਸ ਦਫਤਰ ਦੀ ਈਮੇਲ ਆਈ ਡੀ deoseamritsar@gmail.com ਤੇ ਭੇਜਣੀ ਯਕੀਨੀ ਬਣਾਈ ਜਾਵੇ।

20/04/17

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:)
ਅੰਮ੍ਰਿਤਸਰ